# ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ 129ਵਾਂ ਜਨਮ ਦਿਵਸ ਮਨਾਇਆ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ 129ਵੇਂ ਜਨਮ ਦਿਵਸ ਦੇ ਮੌਕੇ 'ਤੇ ਬੋਲਦਿਆਂ ਸ੍ਰੀ ਜਗਮੋਹਨ ਕੇਂਦਰੀ ਮੰਤਰੀ, ਸੈਰ-ਸਪਾਟਾ ਅਤੇ ਸਭਿਆਚਾਰ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪੁਨਰ-ਜਾਗ੍ਰਿਤੀ ਲਹਿਰ ਦੇ ਮੌਕੇ ਪਾਏ ਯੋਗਦਾਨ ਨੂੰ ਮੁੜ ਸੁਰਜੀਤ ਕਰਨ ਦਾ ਸੱਦਾ ਦਿਤਾ। ਉਨ੍ਹਾਂ ਕਿਹਾ ਕਿ ਭਾਈ ਸਾਹਿਬ ਜੀ ਦੀ ਕਵਿਤਾ ''ਜੀਵਨ ਕੀ ਹੈ?" ਸਾਨੂੰ ਸਹੀ ਅਰਥਾਂ 'ਚ ਜੀਵਨ ਜਿਉਂਣ ਦੀ ਜਾਚ ਸਿਖਾਉਂਦੀ ਹੈ। ਭਾਈ ਸਾਹਿਬ ਜੀ ਦੀ ਕਸ਼ਮੀਰ ਦੇ ਨਜਾਰਿਆਂ ਬਾਰੇ ਲਿਖੀ ਕਵਿਤਾ ਦਾ ਜਿਕਰ ਕਰਦਿਆਂ ਉਨ੍ਹਾਂ ਭਾਈ ਸਾਹਿਬ ਨੂੰ ਕੁਦਰਤ ਦਾ ਸੱਚਾ ਪ੍ਰੇਮੀ ਵੀ ਆਖਿਆ। ਕੇਂਦਰੀ ਮੰਤਰੀ ਨੇ ਭਾਈ ਸਾਹਿਬ ਜੀ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਣ ਲਈ ਭਾਈ ਵੀਰ ਸਿੰਘ ਸਾਹਿਤ ਸਦਨ ਨੂੰ ਕੇਂਦਰੀ ਸਰਕਾਰ ਵਲੋਂ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਭਰੋਸਾ ਦਿਤਾ। ਵਰਣਨਯੋਗ ਹੈ ਕਿ ਸ੍ਰੀ ਜਗਮੋਹਨ ਨੇ ਇਸ ਮੌਕੇ 'ਤੇ ਸਾਹਿਤ ਸਦਨ ਦੀਆਂ ਪ੍ਰਕਾਸ਼ਨਾਵਾਂ ਦਾ ਵਿਮੋਚਨ ਵੀ ਕੀਤਾ ਅਤੇ ਇਸ ਦਾ ਇਕ ਸੈਟ ਸੁਆਮੀ ਗੋਕਲਾਨੰਦਾ, ਜਨਰਲ ਸਕੱਤਰ, ਰਾਮਾ ਕ੍ਰਿਸ਼ਨ ਮਿਸ਼ਨ, ਸਰਦਾਰਨੀ ਗੁਰਦਿਆਲ ਸਿੰਘ ਢਿਲੋਂ ਅਤੇ ਸਰਦਾਰਨੀ ਰਜਿੰਦਰ ਕੌਰ ਬਾਲੀ ਨੂੰ ਭੇਟ ਕੀਤਾ। ਇਸ ਤੋਂ ਇਲਾਵਾ ਕੇਂਦਰੀ ਮੰਤਰੀ ਨੇ ਨੈਸ਼ਨਲ ਇੰਸਟੀਚਿਊਟ ਆਫ ਪੰਜਾਬ ਸਟੱਡੀਜ਼ ਵਲੋਂ ਅੰਗਰੇਜ਼ੀ 'ਚ ਤਿਆਰ ਕੀਤੀਆਂ ਚਾਰ ਸਚਿੱਤਰ ਪੁਸਤਕਾਂ 'ਗੋਲਡਨ ਟੈਂਪਲ', 'ਅਨੰਦਪੁਰ', 'ਹੇਮਕੁੰਟ' ਅਤੇ 'ਮਹਾਰਾਜਾ ਰਣਜੀਤ ਸਿੰਘ' ਦਾ ਵਿਮੋਚਨ ਵੀ ਕੀਤਾ। ਇਸ ਸਮਾਗਮ ਦੀ ਆਰੰਭਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਮਹਿਰੌਲੀ ਦੇ ਵਿਦਿਆਰਥੀਆਂ ਨੇ 1 ਦਸੰਬਰ ਨੂੰ ਸਹਿਜ ਪਾਠ ਦੀ ਆਰੰਭਤਾ ਨਾਲ ਕੀਤੀ ਅਤੇ 5 ਦਸੰਬਰ ਨੂੰ ਸਵੇਰੇ ਭੋਗ ਪਾਇਆ ਗਿਆ ਉਪਰੰਤ ਭਾਈ ਹਰਜੀਤ ਸਿੰਘ, ਭਾਈ ਗੁਰਦੀਪ ਸਿੰਘ ਅਤੇ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ, ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕਵਿਤਾ ਅਤੇ ਸੰਦੇਸ਼ ਕ੍ਰਮਵਾਰ ਸਰਦਾਰਨੀ ਤਰਨਜੀਤ ਕੌਰ ਅਤੇ ਤਜਿੰਦਰ ਕੌਰ ਧੀਰ ਨੇ ਸੰਗਤਾਂ ਨੂੰ ਸਰਵਨ ਕਰਾਇਆ। ਡਾ: ਸੁਰਿੰਦਰਪਾਲ ਸਿੰਘ, ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਭਾਈ ਸਾਹਿਬ ਜੀ ਦੀ ਸਹਿਤਕ ਦੇਣ ਬਾਰੇ ਬੋਲਦਿਆਂ ਕਿਹਾ ਕਿ ਸਾਨੂੰ ਉਨ੍ਹਾਂ ਦੀ ਦੇਣ ਨੂੰ ਹੋਰ ਵੱਡੇ ਪੱਧਰ 'ਤੇ ਉਜਾਗਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਇਸ ਕਾਰਜ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਚੇਤੇ ਰਹੇ ਕਿ ਇਸ ਮੌਕੇ 'ਤੇ ਕੇਂਦਰੀ ਮੰਤਰੀ ਸ੍ਰੀ ਜਗਮੋਹਨ ਨੂੰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ, ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਇਕ ਸ਼ਾਲ, ਸਹਿਤ ਸਦਨ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਅਤੇ ਡਾ: ਜਸਵੰਤ ਸਿੰਘ ਨੇਕੀ, ਆਨਰੇਰੀ ਜਨਰਲ ਸਕੱਤਰ, ਸਾਹਿਤ ਸਦਨ ਨੇ ਪੁਸਤਕਾਂ ਦੇ ਸੈਟ ਨਾਲ ਸਨਮਾਨਿਤ ਵੀ ਕੀਤਾ।